**"GHAR GHAR ROZGAR"**
**"ਘਰ ਘਰ ਰੋਜ਼ਗਾਰ"**

**<u>ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ. ਨਗਰ</u>**
**ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ**
**(ਦਫਤਰੀ ਅਮਲਾ ਸ਼ਾਖਾ)**

ਸੇਵਾ ਵਿਖੇ

ਸਕੱਤਰ,
ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।

ਮੀਮੋ ਨੰ.: ਈ/273656-DPISE-ME0ESTB/73/2021-ਦਅ(2)/202231938
ਮਿਤੀ: 17.02.2022

ਵਿਸ਼ਾ:- ਘਰ ਘਰ ਰੋਜ਼ਗਾਰ ਯੋਜਨਾ ਤਹਿਤ ਸਿੱਖਿਆ ਵਿਭਾਗ ਪੰਜਾਬ ਦੇ ਮੁੱਖ ਦਫਤਰ ਅਤੇ ਖੇਤਰੀ ਦਫਤਰਾਂ ਵਿੱਚ ਸੀਨੀਅਰ ਸਹਾਇਕਾਂ ਦੀਆਂ ਆਸਾਮੀਆਂ ਭਰਨ ਲਈ ਇਸ਼ਤਿਹਾਰ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਦੇ ਪੱਤਰ ਨੰ. ਆਰ.ਜੀ. 498/2021/ਅ-9/5251 ਮਿਤੀ 24.01.2022 ਦੇ ਸਬੰਧ ਵਿੱਚ।

1.0 ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਵੱਲੋਂ ਘਰ ਘਰ ਰੋਜ਼ਗਾਰ ਯੋਜਨਾ ਤਹਿਤ ਸਿੱਖਿਆ ਵਿਭਾਗ ਪੰਜਾਬ ਦੇ ਮੁੱਖ ਦਫਤਰ ਅਤੇ ਖੇਤਰੀ ਦਫਤਰਾਂ ਵਿੱਚ ਸੀਨੀਅਰ ਸਹਾਇਕਾਂ ਦੀਆਂ ਆਸਾਮੀਆਂ ਭਰਨ ਸਬੰਧੀ ਇਸ਼ਤਿਹਾਰ ਜਾਰੀ ਕਰਨ ਲਈ ਕੁਝ ਤਰੁੱਟੀਆਂ ਵਿਭਾਗ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ ਸਨ, ਜਿਨ੍ਹਾਂ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਪੱਤਰ ਵਿੱਚ ਜੋ ਸੀਨੀਅਰ ਸਹਾਇਕਾਂ ਦੀਆਂ 08 ਆਸਾਮੀਆਂ ਮੁੱਖ ਦਫਤਰ ਦੀਆਂ ਦਰਸਾਈਆਂ ਗਈਆਂ ਹਨ, ਉਹਨਾਂ ਅਸਾਮੀਆਂ ਵਿੱਚ ਮਿਤੀ 29.11.2021 ਨੂੰ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ 13 ਹੋਰ ਸੀਨੀਅਰ ਸਹਾਇਕਾਂ ਦੀਆਂ ਆਸਾਮੀਆਂ ਦਾ ਵਾਧਾ ਕੀਤਾ ਗਿਆ ਸੀ। ਜਿਸ ਅਨੁਸਾਰ ਦਫਤਰ ਵੱਲੋਂ ਪੱਤਰ ਨੰ. 14/26-2021ਸੇ1(4)/2021389826 ਮਿਤੀ 16.12.2021 ਰਾਹੀਂ ਆਪ ਨੂੰ ਮੁੱਖ ਦਫਤਰ ਵਿਖੇ 21 (8+13) ਸੀਨੀਅਰ ਸਹਾਇਕਾਂ ਦੀਆਂ ਆਸਾਮੀਆਂ ਭਰਨ ਲਈ **requisition** ਭੇਜ ਦਿੱਤੀ ਗਈ ਸੀ।

ਇਸੇ ਤਰ੍ਹਾਂ ਵਿਭਾਗ ਵੱਲੋਂ ਵੱਖਰੇ ਤੌਰ ਤੇ ਪੱਤਰ ਨੰ. ਈ/273656-DPISE-ME0ESTB/73/2021-ਦਅ(2)/2021389731 ਮਿਤੀ 16.12.2021 ਰਾਹੀਂ ਸਿੱਖਿਆ ਵਿਭਾਗ ਖੇਤਰੀ ਦਫਤਰਾਂ ਲਈ ਸੀਨੀਅਰ ਸਹਾਇਕਾਂ ਦੀਆਂ ਪਹਿਲਾਂ ਭੇਜੀਆਂ 17 ਆਸਾਮੀਆਂ ਅਤੇ ਹੋਰ ਪ੍ਰਵਾਨ ਹੋਈਆਂ 44 ਆਸਾਮੀਆਂ ਕੁੱਲ 61 (17+44) ਸੀਨੀਅਰ ਸਹਾਇਕਾਂ ਦੀਆਂ ਆਸਾਮੀਆਂ ਭਰਨ ਲਈ **Requisition** ਆਪ ਨੂੰ ਭੇਜ ਦਿੱਤੀ ਗਈ ਸੀ।

ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸੀਨੀਅਰ ਸਹਾਇਕਾਂ ਦੀਆਂ 21 ਆਸਾਮੀਆਂ ਮੁੱਖ ਦਫਤਰ ਦੀਆਂ ਵੱਖਰੀਆਂ ਹਨ ਅਤੇ 61 ਆਸਾਮੀਆਂ ਖੇਤਰੀ ਦਫਤਰਾਂ ਦੀਆਂ ਵੱਖਰੀਆਂ ਹਨ, ਕਿਉਂਜੋ ਮੁੱਖ ਦਫਤਰ ਅਤੇ ਖੇਤਰੀ ਦਫਤਰਾਂ ਦੇ ਨਿਯਮ, ਕਾਡਰ, ਸੀਨੀਆਰਤਾ ਅਤੇ ਰੋਸਟਰ ਰਜਿਸਟਰ ਵੱਖਰੇ ਵੱਖਰੇ ਹਨ, ਇਸ ਸਬੰਧੀ ਪਹਿਲਾਂ ਹੀ ਆਪ ਨੂੰ ਭੇਜੇ ਗਏ ਮੰਗ ਪੱਤਰ ਵਿੱਚ ਸਪਸ਼ਟ ਕੀਤਾ ਜਾ

Scanned with CamScanner

ਚੁੱਕਾ ਹੈ। ਇਸ ਲਈ ਮੁੱਖ ਦਫਤਰ ਅਤੇ ਅਧੀਨ ਦਫਤਰਾਂ ਵਿੱਚ ਸੀਨੀਅਰ ਸਹਾਇਕ ਦੀਆਂ ਆਸਾਮੀਆਂ ਲਈ ਯੋਗ ਉਮੀਦਵਾਰਾਂ ਦੀਆਂ ਵੱਖ-ਵੱਖ ਸਿਫਾਰਸ਼ਾਂ ਹੀ ਭੇਜੀਆਂ ਜਾਣ।

2.0 ਹਵਾਲਾ ਅਧੀਨ ਪੱਤਰ ਦੇ ਲੜੀ ਨੰ. 2 ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਆਸਾਮੀਆਂ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ, (ਪ੍ਰਸੋਨਲ ਪਾਲਿਸੀ-1 ਸ਼ਾਖਾ) ਦੇ ਪੱਤਰ ਨੰ. 8/2/2019-3ਪੀ.ਪੀ./124 ਮਿਤੀ 29.01.2021 ਰਾਹੀਂ ਅਧਿਸੂਚਿਤ ਕੀਤੇ ਤਹਿਤ ਇਸਤਰੀਆਂ ਲਈ 33% ਰਾਖਵਾਂਕਰਨ ਅਨੁਸਾਰ ਪ੍ਰਕਾਸ਼ਿਤ ਕੀਤੀਆਂ ਜਾਈਆਂ ਹਨ। ਹੇਠ ਦਰਸਾਈਆਂ ਆਸਾਮੀਆਂ ਦਾ ਇਸਤਰੀਆਂ ਲਈ 33% ਰਾਖਵਾਂਕਰਨ ਅਨੁਸਾਰ ਸ੍ਰੇਣੀਵਾਈਜ਼ ਵਰਗੀਕਰਨ ਨਾਲ ਨੱਥੀ ਕੀਤਾ ਜਾਂਦਾ ਹੈ:-

| 1 | 2 | 3 | 4 |
|---|---|---|---|
| S. No. | Name of Post | Total no. of fresh Vacancies | Vacancy reserved for women from fresh vacancy as per coloumn no. 3 |
| 1 | Senior Assistant, Subordinate offices (ਖੇਤਰੀ ਦਫਤਰ) ਅਨੁਲੱਗ "A" | 61 | 22 |
| 2 | Senior Assistant, Head Quarter (ਮੁੱਖ ਦਫਤਰ) ਅਨੁਲੱਗ "B" | 21 | 8 |

ਨੱਥੀ:- ਉਕਤ ਅਨੁਸਾਰ

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ

Scanned with CamScanner